ਵਾਰਤਕ

# ਖ਼ਾਮੋਸ਼ ਰਾਹਾਂ ਦੇ ਭੇਦ

## ਰੂਹ ਦੀ ਅੰਤਹੀਣ ਯਾਤਰਾ

ਪਰਮਿੰਦਰ ਸਿੰਘ ਸ਼ੌਂਕੀ



# ਖ਼ਾਮੋਸ਼ ਰਾਹਾਂ ਦੇ ਭੇਦ

ਰੂਹ ਦੀ ਅੰਭਹੀਣ ਯਾਤਰਾ

**ਪਰਮਿੰਦਰ ਸਿੰਘ ਸ਼ੌਕੀ**

**KHAMOSH RAHAAN DE BHED** (Prose)
*By* Parminder Singh Shonkey
Website: www.parmindersinghshonkey.com
Contact No. +94643-46677

*Published By*
**RETHINK BOOKS**
Vill. Fatehgarh Chhanna
P.O. Deh-Kalan
Teh./Distt. Sangrur-148034
Website: www.rethinkbooks.in
Email: info@rethinkbooks.in
Contact No. +88376-61984, +94648-95424

© Publisher

2st Published in September 2025

ISBN: 978-93-49752-09-2

Printed in India

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ, ਆਡੀਓ ਬੁੱਕ ਜਾਂ ਪੀ.ਡੀ.ਐੱਫ. ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਆਪਣੀ ਪਤਨੀ

ਸਿਮਰਨਜੀਤ ਕੌਰ ਲਈ

ਜਿਸ ਦਾ ਨਾਮ ਇਕ ਗੂੜ੍ਹਾ ਜਾਪ ਹੈ –

ਜਿਵੇਂ ਹਰ ਸਾਹ ਨਾਲ ਬ੍ਰਹਿਮੰਡ ਮੇਰੇ ਅੰਦਰ ਉੱਘੜਦਾ ਹੋਵੇ।

ਤੇ ਉਸ ਦਾ ਸਾਥ ਮੇਰੇ ਲਈ ਇਕ ਰਹੱਸਮਈ ਦਰਵਾਜ਼ਾ,

ਜਿੱਥੇ ਸ਼ਬਦ ਖ਼ਤਮ ਹੋ ਜਾਂਦੇ ਹਨ,

ਪਰ ਅਰਥ ਸ਼ੁਰੂ ਹੁੰਦੇ ਹਨ,

ਜਿੱਥੇ ਪ੍ਰੇਮ ਧੁੰਦ ਵਾਂਗ ਲਪੇਟ ਲੈਂਦਾ ਹੈ ਮੈਨੂੰ

ਤੇ ਮੈਂ ਆਪਣੇ-ਆਪ ਨੂੰ

ਹਰ ਵਾਰ ਨਵਾਂ ਜਨਮ ਲੈਂਦਾ ਪਾਉਂਦਾ ਹਾਂ।

# ਪੈੜਾਂ


ਮੁੱਖੜਾ 5

ਰੂਹਾਂ ਦੀ ਆਵਾਜ਼ 12

ਅਨੰਤ ਪਿਆਰ ਦਾ ਸਫ਼ਰ 46

ਦਿਲ ਦਾ ਅਦ੍ਰਿਸ਼ ਦਰਿਆ 114

ਅੰਦਰੂਨੀ ਤਾਲ ਤੇ ਸੰਘਰਸ਼ ਦੀ ਧੁਨ 179

ਸਮੇਂ ਅਤੇ ਯਾਦਾਂ ਦੇ ਪਰਛਾਵੇਂ 246

ਪਹਾੜਾਂ ਦੀ ਚੁੱਪ ਵਿਚ ਲੁਕੇ ਰਾਗ 291

ਚਿਨਾਰ ਦੀ ਛਾਂ ਹੇਠ ਸਮਾਂ ਰੁਕ ਜਿਹਾ ਜਾਂਦਾ 349

ਮੌਤ ਅਤੇ ਅਨੰਤਤਾ ਦਾ ਰਹੱਸ 414

ਸਿਆਹ ਸਾਏ ਦੇ ਸ਼ਹਿਰ ’ਚ 457

ਦਰਿਆ ਅੰਦਰਲਾ ਰੂਹ ਦਾ ਰਾਜ 494

ਇਤਿ 559

# ਮੁੱਖੜਾ

ਇਹ ਕਿਤਾਬ ਕਿਸੇ ਕਥਾ ਦੀ ਕਹਾਣੀ ਨਹੀਂ, ਸਗੋਂ ਇਕ ਦਰਵਾਜ਼ਾ ਹੈ – ਉਹ ਦਰਵਾਜ਼ਾ ਜੋ ਬਾਹਰਲੇ ਸੰਸਾਰ ਤੋਂ ਨਹੀਂ, ਸਗੋਂ ਅੰਦਰਲੇ ਜਗਤ ਤੋਂ ਖੁੱਲ੍ਹਦਾ ਹੈ। ਜਦੋਂ ਕੋਈ ਮਨੁੱਖ ਜੀਵਨ ਨੂੰ ਸਿਰਫ਼ ਸਮੇਂ ਦੀ ਲਕੀਰ ਵਾਂਗ ਦੇਖਦਾ ਹੈ, ਤਾਂ ਉਹ ਉਸ ਦੀ ਗਹਿਰਾਈ ਤੋਂ ਅਣਜਾਣ ਰਹਿ ਜਾਂਦਾ ਹੈ, ਪਰ ਜਦੋਂ ਉਹ ਆਪਣੇ ਅੰਦਰ ਵੱਜ ਰਹੀਆਂ ਗੂੰਜਾਂ ਨੂੰ ਸੁਣਨ ਲੱਗਦਾ ਹੈ, ਤਦ ਉਸ ਨੂੰ ਪਤਾ ਲੱਗਦਾ ਹੈ ਕਿ ਜੀਵਨ ਨਾ ਰੇਖਾ ਹੈ, ਨਾ ਗੋਲ – ਇਹ ਇਕ ਅਣਥੱਕ ਧੁਨੀ ਹੈ ਜੋ ਬ੍ਰਹਿਮੰਡ ਦੇ ਅੰਦਰ ਗੂੰਜ ਰਹੀ ਹੈ।

ਇਹ ਗੂੰਜ ਕੌਣ ਹੈ? ਕੀ ਇਹ ਸਾਡੀ ਯਾਦ ਹੈ? ਕੀ ਇਹ ਅਣਜੰਮਿਆਂ ਦਾ ਬਚਿਆ ਸਾਹ ਹੈ? ਜਾਂ ਫਿਰ ਉਹ ਰੂਹ, ਜੋ ਅਨੇਕਾਂ ਜਨਮਾਂ ਤੋਂ ਆਪਣਾ ਅਸਲੀ ਚਿਹਰਾ ਖੋਜ ਰਹੀ ਹੈ? ਇਸ

ਸਵਾਲ ਦਾ ਜਵਾਬ ਕਿਸੇ ਸ਼ਬਦ ਵਿਚ ਨਹੀਂ, ਸਗੋਂ ਇਕ ਅਨੁਭਵ ਵਿਚ ਹੈ। ਇਹ ਕਿਤਾਬ ਉਸੀ ਅਨੁਭਵ ਦਾ ਸਫ਼ਰ ਹੈ।

ਇੱਥੇ ਤੁਸੀਂ ਕਿਸੇ ਬੱਝਵੇਂ ਪਾਤਰ ਨਾਲ ਨਹੀਂ ਮਿਲੋਗੇ, ਨਾ ਹੀ ਕਿਸੇ ਤੈਅ ਕਥਾ-ਰੇਖਾ ਨਾਲ। ਤੁਸੀਂ ਮਿਲੋਗੇ ਸਿਰਫ਼ ਇਕ ਯਾਤਰੀ ਨਾਲ – ਜੋ ਤੁਹਾਡੇ ਆਪਣੇ ਹੀ ਚੇਤਨ ਦਾ ਪ੍ਰਤੀਬਿੰਬ ਹੈ। ਉਸ ਦੀ ਯਾਤਰਾ ਦਰਅਸਲ ਤੁਹਾਡੀ ਯਾਤਰਾ ਹੈ; ਉਸ ਦੇ ਸਵਾਲ ਤੁਹਾਡੇ ਹੀ ਸਵਾਲ ਹਨ; ਉਸ ਦਾ ਡਰ, ਉਸ ਦੀ ਪਿਆਸ, ਉਸ ਦੀ ਚੁੱਪ – ਇਹ ਸਭ ਤੁਹਾਡੇ ਅੰਦਰ ਹੀ ਵੱਸਦੇ ਹਨ।

ਇਹ ਭੂਮਿਕਾ ਤੁਹਾਨੂੰ ਸਿਰਫ਼ ਚੇਤਾਵਨੀ ਨਹੀਂ, ਸੱਦਾ ਵੀ ਹੈ। ਜੇ ਤੁਸੀਂ ਇਸ ਯਾਤਰਾ ਵਿਚ ਕਦਮ ਰੱਖਦੇ ਹੋ, ਤਾਂ ਤੁਹਾਨੂੰ ਆਪਣੇ-ਆਪ ਤੋਂ ਪਰੇ ਉਹ ਗੂੰਜ ਮਿਲੇਗੀ – ਜੋ ਮੌਤ ਤੋਂ ਵੀ ਪਾਰ ਹੈ, ਜਨਮ ਤੋਂ ਵੀ ਪੁਰਾਤਨ।

ਇਸ ਦਰਵਾਜ਼ੇ ਦੇ ਅੰਦਰ ਕਦਮ ਰੱਖਣ ਦਾ ਮਤਲਬ ਹੈ –

ਆਪਣੇ-ਆਪ ਨੂੰ ਖੋਲ੍ਹਣਾ। ਇੱਥੇ ਜੋ ਕੁਝ ਤੁਸੀਂ ਪੜ੍ਹੋਗੇ, ਉਹ ਕਿਸੇ ਹੋਰ ਦੀ ਕਹਾਣੀ ਨਹੀਂ, ਸਗੋਂ ਤੁਹਾਡੀ ਆਪਣੀ ਪਰਛਾਈਂ ਹੈ, ਜੋ ਸ਼ਬਦਾਂ ਦੇ ਰੂਪ ਵਿਚ ਤੁਹਾਡੇ ਸਾਹਮਣੇ ਉੱਭਰੇਗੀ। ਹਰ ਪੰਨਾ, ਹਰ ਚਿੱਤਰ, ਹਰ ਖ਼ਾਮੋਸ਼ ਖ਼ਾਲੀ ਜਗ੍ਹਾ, ਤੁਹਾਡੇ ਅੰਦਰਲੇ ਕਿਸੇ ਅਣਸੁਣੇ ਹਿੱਸੇ ਨਾਲ ਗੱਲ ਕਰੇਗੀ।

ਇਸ ਯਾਤਰਾ ਵਿਚ ਤੁਹਾਨੂੰ ਕੋਈ ਮਾਰਗ-ਦਰਸ਼ਕ ਨਹੀਂ ਮਿਲੇਗਾ – ਕਿਉਂਕਿ ਜੋ ਸੱਚਾ ਮਾਰਗ-ਦਰਸ਼ਕ ਹੈ, ਉਹ ਤੁਹਾਡੇ ਅੰਦਰ ਹੀ ਵੱਸਦਾ ਹੈ। ਕਿਤਾਬ ਸਿਰਫ਼ ਉਸ ਦੀ ਪਰਛਾਈਂ ਦਿਖਾਏਗੀ। ਕਈ ਵਾਰ ਇਹ ਪਰਛਾਈਂ ਡਰਾਉਣੀ ਲੱਗੇਗੀ, ਕਈ ਵਾਰ ਹਮਦਰਦੀ ਵਾਂਗ, ਪਰ ਹਰੇਕ ਵਾਰ ਇਹ ਤੁਹਾਨੂੰ ਆਪਣੇ ਹੀ ਮੂਲ ਦੇ ਨੇੜੇ ਲੈ ਜਾਏਗੀ।

ਇਹ ਸਫ਼ਰ ਆਸਾਨ ਨਹੀਂ। ਕਿਉਂਕਿ ਇਹ ਤੁਹਾਨੂੰ ਬਾਹਰਲੇ ਜਗਤ ਦੇ ਨਿਯਮਾਂ ਤੋਂ ਪਰੇ, ਅੰਦਰਲੇ ਸੰਸਾਰ ਦੇ ਅਨੰਤ ਵਿਚ ਲੈ